# ਦਫਤਰ ਨਗਰ ਨਿਗਮ ਹੁਸ਼ਿਆਰਪੁਰ

## ਪ੍ਰੈਸ ਨੋਟ

## ਵਾਰਡ ਨੰ 27 ਦੇ ਨਿਵਾਸੀਆਂ ਨੇ ਆਪਣੀਆਂ ਮੁਸ਼ਕਲਾਂ ਸਬੰਧੀ ਮੇਅਰ ਸ਼ਿਵ ਸੂਦ ਨੂੰ ਦਿੱਤਾ ਮੰਗ ਪੱਤਰ

## ਮੇਅਰ ਸ਼ਿਵ ਸੂਦ ਨੇ ਨਵਾਂ ਟਿਊਬਵੈਲ ਲਗਾਉਣ ਸਬੰਧੀ ਦਿੱਤਾ ਭਰੋਸਾ

ਹੁਸ਼ਿਆਰਪੁਰ 20 ਮਈ ਵਾਰਡ ਨੰਬਰ 27 ਦੇ ਮੁਹੱਲਾ ਨਿਵਾਸੀ ਵਾਰਡ ਪ੍ਰਧਾਨ ਸ੍ਰੀ ਗੁਰਪ੍ਰੀਤ ਸਿੰਘ ਦੀ ਅਗਵਾਈ ਹੇਠ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੂੰ ਉਹਨ੍ਹਾਂ ਦੇ ਦਫਤਰ ਵਿਖੇ ਮਿਲੇ ਅਤੇ ਆਪਣੀਆਂ ਮੁਸ਼ਕਲਾਂ ਸਬੰਧੀ ਮੰਗ ਪੱਤਰ ਦਿਦਿੰਆਂ ਦਸਿਆ ਕਿ ਇਸ ਵਾਰਡ ਦੇ ਮੁਹੱਲਾ ਗੁਰੂ ਗੋਬਿੰਦ ਸਿੰਘ ਨਗਰ ਅਤੇ ਕੀਰਤੀ ਨਗਰ ਵਿੱਚ ਪੀਣ ਵਾਲੇ ਪਾਣੀ ਦੀ ਕਮੀ ਹੋਣ ਕਾਰਨ ਮੁਹੱਲਾ ਨਿਵਾਸੀਆਂ ਨੂੰ ਮੰਗ ਅਨੁਸਾਰ ਪਾਣੀ ਦੀ ਸਪਲਾਈ ਨਹੀ ਮਿਲ ਰਹੀ। ਇਸ ਲਈ ਇਸ ਵਾਰਡ ਵਿੱਚ ਇਕ ਨਵਾਂ ਟਿਊਬਵੈਲ ਲਗਵਾਇਆ ਜਾਵੇ।ਉਹਨਾਂ ਹੋਰ ਦੱਸਿਆ ਕਿ ਵਾਰਡ ਨੰ:27 ਦੀ ਗਲੀ ਨੰ: 7 ਵਿੱਚ ਸੀਵਰੇਜ਼ ਦੀ ਮੁਰਮਤ ਕੀਰਤੀ ਨਗਰ ਦੀ ਗਲੀ ਨੂੰ ਪੱਕਾ ਕਰਵਾਇਆ ਜਾਵੇ। ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਉਹਨ੍ਹਾਂ ਨੂੰ ਭਰੋਸਾ ਦੁਵਾਇਆ ਕਿ ਉਹਨ੍ਹਾਂ ਦੀਆ ਮੰਗਾਂ ਨੂੰ ਦੇਖਦੇ ਹੋਏ ਇਸ ਸਬੰਧੀ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ ਅਤੇ ਜਲਦੀ ਹੀ ਨਵਾਂ ਟਿਊਬਵੈਲ ਲਗਵਾਇਆ ਜਾਵੇਗਾ। ਸੀਨੀਅਰ ਡਿਪਟੀ ਮੇਅਰ ਪ੍ਰੇਮ ਸਿੰਘ ਪਿੱਪਲੰਵਾਲਾ, ਡਿਪਟੀ ਸੁਕਲਾ ਸ਼ਰਮਾ, ਕੋਂਸਲਰ ਬਲਵਿੰਦਰ ਕੁਮਾਰ ਬਿੰਦੀ,ਰਿੰਟਾ.ਡੀ.ਐਸ.ਪੀ ਮਲਕੀਅਤ ਸਿੰਘ,ਸੰਤੋਖ ਸਿੰਘ ਔਜਲਾ, ਕੁਲੰਵਤ ਸਿੰਘ ਸੈਣੀ, ਪ੍ਰਦੀਪ ਕੁਮਾਰ, ਪ੍ਰਧਾਨ ਨਿਊ ਦੀਪ ਨਗਰ ਹਰਮੇਸ਼ ਲਾਲ, ਕੇਵਲ ਸਿੰਘ, ਦਰਸ਼ਨ ਸਿੰਘ ਸਿਧੂ, ਓਮ ਪ੍ਰਕਾਸ਼ ਲੂਥਰਾ,ਰਜਿੰਦਰ ਪਾਲ, ਮੋਹਨ ਲਾਲ, ਰਜਿੰਦਰ ਕੁਮਾਰ, ਮੁਖਤਿਆਰ ਸਿੰਘ, ਹਰਜੀਤ ਕੁਮਾਰ, ਵੀ ਹਾਜਰ ਸਨ।